# ਖ਼ਬਰਾਂ ਅਤੇ ਸਾਡੀਆਂ ਜ਼ਿੰਮੇਵਾਰੀਆਂ

23.8.97

ਗੁਰਸ਼ਰਨ ਸਿੰਘ

ਖ਼ਬਰਾਂ ਹਨ:

-ਇਕ ਵਾਦ-ਵਿਵਾਦ ਛਿੜ ਗਿਆ ਹੈ ਕਿ ਇੰਗਲੈਂਡ ਦੀ ਮਹਾਰਾਣੀ ਅੰਮ੍ਰਿਤਸਰ ਜਾਏ ਕਿ ਨਾ ਜਾਏ? ਜ਼ਮਹੂਰੀ ਅਧਿਕਾਰ ਸਭਾ ਦੇ ਪ੍ਰੋ. ਜਗਮੋਹਣ ਸਿੰਘ ਹੋਰਾਂ ਨੇ ਇਕ ਗੱਲ ਆਖੀ ਕਿ ਮਹਾਰਾਣੀ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਲਈ ਮੁਆਫ਼ੀ ਮੰਗੇ। ਟੌਹੜਾ, ਬਾਦਲ, ਗੁਜਰਾਲ ਅਤੇ ਇੰਗਲੈਂਡ ਵਿਚ ਰਹਿੰਦੇ ਖਾਲਿਸਤਾਨ ਪੱਖੀ ਅਤੇ ਪਾਕਿਸਤਾਨੀ ਵਿਰੋਧੀ ਸਿੱਖਾਂ ਦੇ ਇਸ ਬਾਰੇ ਵੱਖ-ਵੱਖ ਵਿਚਾਰ ਹਨ। ਇਸ ਬਾਰੇ ਇਹ ਵੀ ਖ਼ਬਰ ਹੈ ਕਿ ਇੰਗਲੈਂਡ ਦੀ ਇਸ ਵੇਲੇ ਦੀ ਹਾਕਮ ਲੇਬਰ ਪਾਰਟੀ ਨੇ ਇਹ ਫੈਸਲਾ ਲੈ ਲਿਆ ਸੀ ਕਿ ਮਹਾਰਾਣੀ ਜਦੋਂ ਜਲ੍ਹਿਆਂ ਵਾਲਾ ਬਾਗ ਜਾਏ ਤਾਂ ਉਹ ਇਹ ਗੱਲ ਜ਼ਰੂਰ ਆਖੇ ਕਿ ਜਲ੍ਹਿਆਂਵਾਲਾ ਬਾਗ ਦਾ ਸਾਕਾ ਬ੍ਰਿਟਿਸ਼ ਰਾਜ ਦਾ ਇਕ ਕਾਲਾ ਕਾਰਨਾਮਾ ਸੀ। ਮਹਾਰਾਣੀ ਦੇ ਫੇਰੇ ਨਾਲ ਇਹ ਵੀ ਗੱਲ ਜੁੜੀ ਹੋਈ ਹੈ ਕਿ ਅੰਗਰੇਜ਼ ਸਰਕਾਰ ਕੋਹਿਨੂਰ ਹੀਰਾ ਵਾਪਸ ਕਰੇ। ਬਾਦਲ ਨੇ ਇਹ ਮੰਗ ਉਠਾਈ ਹੈ। ਅਖ਼ਬਾਰ ਨਵੀਸ ਕੁਲਦੀਪ ਨਈਅਰ ਨੇ ਇਹ ਅਵਾਜ਼ ਉਠਾਈ ਹੈ ਕਿ ਇੰਡੀਆ ਹਾਊਸ ਲਾਇਬਰੇਰੀ, ਜਿਸਦੇ ਰੈਕ ਦੀ ਲੰਬਾਈ ਤਿੰਨ ਮੀਲ ਬਣਦੀ ਹੈ, ਉਹ ਅੰਗਰੇਜ਼ ਸਰਕਾਰ ਭਾਰਤ ਨੂੰ ਵਾਪਸ ਕਰੇ।

> ਇਹ ਸਭ ਖ਼ਬਰਾਂ ਹਨ, ਦਿਲਚਸਪ ਖ਼ਬਰਾਂ ਹਨ, ਪ੍ਰਤੀਕਾਤਮਕ ਖ਼ਬਰਾਂ ਹਨ ਪਰ ਇਹ ਸਿਰਫ਼ ਅਖ਼ਬਾਰ ਪੜ੍ਹਨ ਵਾਲਿਆਂ ਤੱਕ ਮਹਿਦੂਦ ਹਨ ਪਰ ਕਈ ਖ਼ਬਰਾਂ ਐਸੀਆਂ ਹਨ ਜੋ ਉਸ ਅਮਲ ਨਾਲ ਸਬੰਧ ਰੱਖਦੀਆਂ ਹਨ ਜਾਂ ਉਸ ਸੰਘਰਸ਼ ਦਾ ਹਿੱਸਾ ਹਨ, ਜੋ ਇਸ ਸਮਾਜ ਨੂੰ ਬਦਲਣ ਨਾਲ ਸਬੰਧ ਰੱਖਦਾ ਹੈ

-ਮਧਿਆ ਪ੍ਰਦੇਸ਼ ਵਿਚ 15 ਅਗਸਤ ਨੂੰ ਜਦੋਂ ਮੁੱਖ ਮੰਤਰੀ ਕੌਮੀ ਝੰਡੇ ਨੂੰ ਸਲਾਮੀ ਦੇ ਰਿਹਾ ਸੀ ਤਾਂ ਝੰਡਾ ਪੁੱਠਾ ਲਟਕਿਆ ਹੋਇਆ ਸੀ। ਹੇਠਲਾ ਪਾਸਾ ਉੱਤੇ ਸੀ। ਅਧਿਕਾਰੀਆਂ ਨੂੰ ਇਹਦਾ ਪਤਾ ਨਹੀਂ ਸੀ ਕਿ ਹੇਠਲਾ ਪਾਸਾ ਕਿਹੜਾ ਹੁੰਦਾ ਹੈ ਤੇ ਉਤਲਾ ਕਿਹੜਾ ਹੁੰਦਾ ਹੈ। ਇਕ ਬਜ਼ੁਰਗ ਨੇ ਅਵਾਜ਼ ਉਠਾਈ "ਮੂਰਖੋ ਇਹ ਕੀ ਕਰ ਰਹੇ ਹੋ"। ਇਹ ਅਵਾਜ਼ ਵੀ ਇਕ ਪ੍ਰਤੀਕਾਤਮਕ ਆਵਾਜ਼ ਹੈ ਕਿ ਇਹ ਜ਼ਿੰਮੇਵਾਰੀ ਹੁਣ ਬਜ਼ੁਰਗਾਂ ਦੀ ਹੋ ਗਈ ਹੈ ਕਿ ਉਹ ਹਾਕਮਾਂ ਨੂੰ ਇਹ ਸਚਾਈ ਦੱਸਣਾ ਕਿ ਆਜ਼ਾਦੀ ਨੂੰ ਪੁੱਠਾ ਨਾ ਕਰੋ।

-15 ਅਗਸਤ ਲਾਲ ਨੂੰ ਕਿਲ੍ਹੇ ਦੇ ਸਮਾਗਮ ਵਿਚ ਇਕ ਬਹੁਤ ਹੀ ਵੱਡਾ ਬੈਲੂਨ ਉਡ ਰਿਹਾ ਸੀ, ਜਿਸ ਉੱਤੇ ਅਸ਼ੋਕ ਚੱਕਰ ਅਤੇ ਦੋ ਸ਼ੇਰਾਂ ਦਾ ਚਿੱਤਰ ਸੀ। ਸਮਾਗਮ ਦੀਆਂ ਰਸਮਾਂ ਜਦੋਂ ਸਿਖਰਾਂ 'ਤੇ ਸਨ ਤਾਂ ਬੈਲੂਨ ਫਟ ਗਿਆ। ਇਹ ਹਾਦਸਾ ਵੀ ਆਪਣੇ ਆਪ ਵਿਚ ਭਾਰਤ ਦੀ ਮਹਾਨਤਾ ਦਾ ਪ੍ਰਤੀਕ ਸੀ ਜੋ ਕਿਸੇ ਵੇਲੇ ਵੀ ਫੂਕ ਭਰੇ ਬੈਲੂਨ ਵਾਂਗੂ ਫਟ ਸਕਦੀ ਹੈ ਅਤੇ ਇਹਦੀ ਫੂਕ ਨਿਕਲ ਸਕਦੀ ਹੈ।

ਇਹ ਸਭ ਖ਼ਬਰਾਂ ਹਨ, ਦਿਲਚਸਪ ਖ਼ਬਰਾਂ ਹਨ, ਪ੍ਰਤੀਕਾਤਮਕ ਖ਼ਬਰਾਂ ਹਨ ਪਰ ਇਹ ਸਿਰਫ਼ ਅਖ਼ਬਾਰ ਪੜ੍ਹਨ ਵਾਲਿਆਂ ਤੱਕ ਮਹਿਦੂਦ ਹਨ ਪਰ ਕਈ ਖ਼ਬਰਾਂ ਐਸੀਆਂ ਹਨ ਜੋ ਉਸ ਅਮਲ ਨਾਲ ਸਬੰਧ ਰੱਖਦੀਆਂ ਹਨ ਜਾਂ ਉਸ ਸੰਘਰਸ਼ ਦਾ ਹਿੱਸਾ ਹਨ, ਜੋ ਇਸ ਸਮਾਜ ਨੂੰ ਬਦਲਣ ਨਾਲ ਜੁੜੀਆਂ ਹੋਈਆਂ ਹਨ।

ਇਕ ਖ਼ਬਰ ਬੇਟੀ ਕਿਰਨਜੀਤ ਕੌਰ ਦੀ ਹੈ। ਇਹ ਬਾਰ੍ਹਵੀਂ ਜਮਾਤ ਪੜ੍ਹਦੀ ਕੁੜੀ ਪਹਿਲੇ ਅਗਵਾ ਕੀਤੀ ਗਈ। ਫੇਰ ਉਸਦਾ ਸਮੂਹ ਬਲਾਤਕਾਰ ਹੋਇਆ ਅਤੇ ਫੇਰ ਉਹਨੂੰ ਮਾਰਕੇ ਇਕ ਟੋਏ ਵਿਚ ਦੱਬ ਦਿੱਤਾ ਗਿਆ। ਦੂਜੀ ਖ਼ਬਰ ਹਰਿਆਣਾ ਦੇ ਇਕ ਪਿੰਡ ਦੀ ਹੈ, ਜਿੱਥੇ ਇਕ ਕੁੜੀ ਮੈਮੂਨ ਦਾ ਪਿੰਡ ਵਾਲਿਆਂ ਵੱਲੋਂ ਜਿਸ ਵਿਚ ਪਿੰਡ ਦਾ ਸਰਪੰਚ ਵੀ ਸ਼ਾਮਿਲ ਸੀ ਸਮੂਹ ਬਲਾਤਕਾਰ ਕੀਤਾ ਗਿਆ, ਕਿਉਂਕਿ ਉਹਨੇ ਆਪਣੀ ਮਰਜ਼ੀ ਵਾਲੇ ਇਕ ਮੁੰਡੇ ਈਡੀਸ ਨਾਲ ਵਿਆਹ ਕਰ ਲਿਆ ਸੀ। ਮੈਮੂਨ ਅਤੇ ਈਡੀਸ ਦੀ ਸ਼ਿਕਾਇਤ ਉੱਤੇ ਔਰਤਾਂ ਦੀ ਕੌਮੀ ਕਮਿਸ਼ਨ (ਨੈਸ਼ਨਲ ਕਮਿਸ਼ਨ ਫਾਰ ਵਿਮਨ) ਦੀਆਂ ਔਰਤਾਂ ਜਦੋਂ ਉਸ ਪਿੰਡ ਗਈਆਂ ਤਾਂ ਪਿੰਡ ਵਾਲਿਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਨੂੰ ਹਰ ਕਿਸਮ ਨਾਲ ਬੇਪੱਤ ਕੀਤਾ।

ਕਿਰਨਜੀਤ ਕੌਰ ਨਾਲ ਜੋ ਅਤਿ ਹੀ ਘਿਨਾਉਣੀ ਘਟਨਾ ਵਾਪਰੀ ਹੈ, ਉਸ ਪਿੱਛੇ ਇਹ ਸੋਚ ਕੰਮ ਕਰ ਰਹੀ ਹੈ ਕਿ ਖਾਂਦੇ-ਪੀਂਦੇ ਘਰਾਂ ਦੇ ਮਫ਼ਰੇ ਅਤੇ ਵਿਗੜੇ ਹੋਏ ਕਾਕੇ ਇਹ ਸਮਝਦੇ ਹਨ ਕਿ ਉਹ ਕੋਈ ਵੀ ਸ਼ਰਾਰਤ ਜਾਂ ਘਿਨਾਉਣੀ ਹਰਕਤ ਕਰਨ ਤਾਂ ਉਨ੍ਹਾਂ ਦੇ ਅਸਰ-ਰਸੂਖ ਰੱਖਣ ਵਾਲੇ ਮਾਪੇ ਉਨ੍ਹਾਂ ਨੂੰ ਪੁਲਸ ਦੀ ਕਿਸੇ ਕਾਰਵਾਈ ਤੋਂ ਬਚਾ ਸਕਦੇ ਹਨ। ਕੁੜੀ ਦੇ ਗੁੰਮ ਹੋ ਜਾਣ ਬਾਅਦ ਕਿੰਨੇ-ਦਿਨ ਪੁਲਸ ਦਾ ਹਰਕਤ ਵਿਚ ਨਾ ਆਉਣਾ ਇਸ ਸੋਚ ਦਾ ਪਰਮਾਣ ਹੈ ਪਰ ਜਿਸ ਸ਼ਿੱਦਤ ਨਾਲ ਆਮ ਲੋਕਾਂ ਨੇ ਇਹ ਕੇਸ ਆਪਣੇ ਹੱਥ ਵਿਚ ਲਿਆ ਹੈ। ਉਹ ਲੋਕ ਸ਼ਕਤੀ ਦਾ ਪ੍ਰਮਾਣ ਹੈ। 14 ਅਗਸਤ ਬਰਨਾਲਾ ਵਿਚ ਹੋਈ ਰੋਸ ਰੈਲੀ ਪੰਜਾਬ ਦੀ ਲੋਕ ਲਹਿਰ ਦੀ ਇਕ ਇਤਿਹਾਸਕ ਰੈਲੀ ਹੈ। 35 ਹਜ਼ਾਰ ਲੋਕ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਔਰਤਾਂ ਸ਼ਾਮਲ ਸਨ, ਆਪ ਮੁਹਾਰੇ ਇਸ ਰੈਲੀ ਵਿਚ ਇਕੱਠੇ ਹੋਏ। 20 ਅਗਸਤ ਸ਼ਰਧਾਂਜਲੀ ਸਮਾਗਮ ਨੂੰ ਮੁੱਖ ਰੱਖਕੇ ਇਹ ਖ਼ਬਰ ਆ ਗਈ ਹੈ ਕਿ ਪੁਲਸ ਨੇ ਸਾਰੇ ਦੋਸ਼ੀ ਹਿਰਾਸਤ ਵਿਚ ਲੈ ਲਏ ਹਨ ਅਤੇ ਜਿਹੜੇ ਪੁਲਸ ਅਫਸਰਾਂ ਨੇ ਇਸ ਕੇਸ ਵਿਚ ਅਣਗਹਿਲੀ ਕੀਤੀ ਹੈ, ਉਨ੍ਹਾਂ ਨੂੰ ਵੀ ਲਾਈਨ ਹਾਜ਼ਰ ਕੀਤਾ ਗਿਆ ਹੈ। ਬੇਟੀ ਕਿਰਨਜੀਤ ਦੀ ਸ਼ਹਾਦਤ ਲੋਕ ਲਹਿਰ 'ਚ ਇਕ ਨਵੇਂ ਪੜਾਅ ਦੀ ਆਮਦ ਹੈ। ਮਹਿਲ ਕਲਾਂ ਦੀ ਐਕਸ਼ਨ ਕਮੇਟੀ ਇਕ ਸਟੇਟ ਕਮੇਟੀ ਦਾ ਰੂਪ ਧਾਰ ਸਕਦੀ ਹੈ। ਇਸ ਵਿਚ ਸਾਰੇ ਉਹ ਲੋਕ, ਜੋ ਭਾਵੇਂ ਕਿਸੇ ਵੀ ਸਿਆਸੀ ਜਾਂ ਵਾਲੰਟੀਅਰ ਸੰਸਥਾ ਦੇ ਮੈਂਬਰ ਹੋਣ, ਸ਼ਾਮਿਲ ਹੋ ਸਕਦੇ ਹਨ। ਜ਼ਬਰ ਦੇ ਖ਼ਿਲਾਫ ਸੰਘਰਸ਼ ਇਕੱਲੇ-ਦੁਕੱਲੇ ਦਾ ਕੰਮ ਨਹੀਂ।

ਬੀਬੀ ਮੈਮੂਨ ਦੀ ਘਟਨਾ ਦੱਸਦੀ ਹੈ ਕਿ ਸਾਡੇ ਦੇਸ਼ ਵਿਚ ਹਾਲੀ ਵੀ ਉਹ ਘਿਨਾਉਣਾ ਵਰਤਾਰਾ ਚਲ ਰਿਹਾ ਹੈ, ਜੋ ਔਰਤ ਵਿਰੋਧੀ ਹੈ। ਧੀਆਂ ਨੂੰ ਵੇਚਣਾ, ਉਨ੍ਹਾਂ ਤੇ ਹਰ ਕਿਸਮ ਦੀ ਜਬਰਦਸਤੀ ਕਰਨਾ ਤੇ ਜੇ ਕੋਈ ਕੁੜੀ ਇਸ ਵਰਤਾਰੇ ਦੇ ਵਿਰੁੱਧ ਜਾਣ ਦੀ ਜੁਅਰਤ ਕਰੇ ਤਾਂ ਉਸਨੂੰ ਐਸੀ ਸਜ਼ਾ ਦਿੱਤੀ ਜਾਏ ਕਿ ਦੁਨੀਆ ਲਈ ਕੰਨ ਹੋ ਜਾਣ। ਨੈਸ਼ਨਲ ਕਮਿਸ਼ਨ ਫਾਰ ਵਿਮਨ ਦੀਆਂ ਔਰਤਾਂ ਨਾਲ ਪਿੰਡ ਵਾਲਿਆਂ ਨੇ ਜੋ ਸਲੂਕ ਕੀਤਾ, ਉਹ ਸਮੂਹ ਔਰਤਾਂ ਦੀ ਲਹਿਰ ਲਈ ਇਕ ਚੁਣੌਤੀ ਹੈ। ਇਹ ਹਰਿਆਣਾ ਦੀ ਪ੍ਰਬੰਧਕੀ ਲਈ ਵੀ ਚੈਲਿੰਜ ਹੈ।

ਇਹ ਉਤਲੀਆਂ ਦੋ ਘਟਨਾਵਾਂ ਦੱਸਦੀਆਂ ਹਨ ਕਿ ਅੱਜ ਦੇ ਯੁੱਗ ਵਿਚ ਖੱਬੀ ਅਤੇ ਪ੍ਰਗਤੀਵਾਦੀ ਸੋਚ ਨਾਲ ਜੁੜੇ ਹੋਏ ਲੋਕਾਂ ਦੇ ਬੜੇ ਵੱਡੇ ਫਰਕ ਹਨ। ਬੜੀਆਂ ਵੱਡੀਆਂ ਚੁਣੌਤੀਆਂ ਉਨ੍ਹਾਂ ਦੇ ਅੱਗੇ ਹਨ। ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਉਨ੍ਹਾਂ ਨੂੰ ਬੜੀ ਸਿਦਕ-ਦਿਲੀ ਨਾਲ ਕਰਨਾ ਚਾਹੀਦਾ ਹੈ। ਕਿਰਨਜੀਤ ਕੌਰ ਦੇ ਕੇਸ ਵਿਚ ਮਾਰਕਸੀ ਆਗੂ ਕਾਮਰੇਡ ਚੰਦ ਸਿੰਘ ਚੋਪੜਾ ਦਾ ਨਾ ਇਕ ਪ੍ਰਸੰਗ ਵਿਚ ਅੱਗੇ ਆਇਆ ਹੈ ਕਿ ਕਾਮਰੇਡ ਹੋਰਾਂ ਦਾ ਲੜਕਾ ਉਨ੍ਹਾਂ ਲੜਕਿਆਂ ਦਾ ਦੋਸਤ ਹੈ, ਜਿਨ੍ਹਾਂ ਇਹ ਘਿਨਾਉਣੀ ਹਰਕਤ ਕੀਤੀ। ਕਾਮਰੇਡ ਹੋਰਾਂ ਦੀ ਉਸ ਟੱਬਰ ਨਾਲ ਦੋਸਤੀ ਦੇ ਸਬੰਧ ਹਨ, ਜਿਨ੍ਹਾਂ ਦਾ ਕਾਕਾ ਮੁੱਖ ਦੋਸ਼ੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਾਮਰੇਡ ਹੋਰਾਂ ਨੇ ਉਨ੍ਹਾਂ ਦੇ ਹੱਕ ਵਿਚ ਪੁਲਸ ਨਾਲ ਆਪਣਾ ਅਸਰ-ਰਸੂਖ ਵਰਤਿਆ ਹੈ। ਕਾਮਰੇਡ ਹੋਰਾਂ ਕੋਲੋਂ ਜੇ ਅਣਜਾਣੇ ਵਿਚ ਕੋਈ ਐਸੀ ਗਲਤੀ ਹੋਈ ਹੈ ਤਾਂ ਜੁਅਰਤ ਨਾਲ ਉਸਦਾ ਇਕਬਾਲ ਕਰਨਾ ਚਾਹੀਦਾ ਹੈ ਅਤੇ ਜੇ ਨਹੀਂ ਹੋਈ ਤਾਂ ਪੂਰੀ ਤਰ੍ਹਾਂ ਸਬੂਤਾਂ ਨਾਲ ਉਸਦੀ ਤਰਦੀਦ ਕਰਨੀ ਚਾਹੀਦੀ ਹੈ। ਜ਼ੁਲਮ ਦੇ ਖ਼ਿਲਾਫ ਕਾਮਰੇਡ ਹੋਰਾਂ ਦਾ ਬੇਦਾਗ ਰਿਕਾਰਡ ਹੈ। ਇਕਬਾਲ ਜਾਂ ਤਰਦੀਦ ਇਹ ਖੱਬੀ ਲਹਿਰ ਦੀ ਲੋੜ ਹੈ। ਇਹ ਸਮੇਂ ਦੀ ਲੋੜ ਹੈ।